# ਸਾਖੀ ਭਾਈ ਘਨ੍ਹਈਆ ਜੀ

(ਨਾਟਕ ਸ਼ੁਰੂ ਹੋਣ ’ਤੇ ਬਾਬਾ ਜੀ ਕੁਰਸੀ ’ਤੇ ਬੈਠੇ ਅਖ਼ਬਾਰ ਪੜ੍ਹ ਰਹੇ ਹਨ, ਰਾਮੂ ਏਧਰ ਓਧਰ ਚੀਜ਼ਾਂ ਇਕੱਠੀਆਂ ਕਰਕੇ ਥੈਲੇ ਵਿਚ ਪਾ ਰਿਹਾ ਏ।

ਬਾਬਾ ਜੀ : ਰਾਮੂ ਸਾਰੀ ਤਿਆਰੀ ਕਰ ਲੀ ?

ਰਾਮੂ : ਹਾਂ ਬਾਬਾ ਜੀ, ਟੈਚੀ ਮੇਂ ਸਭ ਕੁਝ ਡਾਲ ਲੀਆ।

ਬਾਬਾ ਜੀ : ਜਦੋਂ ਦੇਸ ਆਇਆ ਸੀ ਤਾਂ ਤੇਰੇ ਹੱਥ ਵਿਚ ਥੈਲਾ ਸੀ, ਹੁਣ ਦੇਸ ਜਾਏਂਗਾ, ਤੇਰੇ ਹੱਥ ਵਿਚ ਟੈਚੀ ਹੋਵੇਗਾ ਬੜਾ ਰੋਅਬ ਪਵੇਗਾ ਤੇਰਾ।

ਰਾਮੂ : ਹਾਂ ਬਾਬਾ ਜੀ, ਮਾਂ ਭੀ ਫੂਲੀ ਨਹੀਂ ਸਮਾਏਗੀ, ਕਹੇਗੀ ਮੇਰਾ ਬੇਟਾ ਪ੍ਰਦੇਸ ਸੇ ਕਮਾਈ ਕਰਕੇ ਆਇਆ ਹੈ।

ਬਾਬਾ ਜੀ : ਆਹੋ ਜਿਸ ਤਰ੍ਹਾਂ ਆਪਣੇ ਮੁੰਡੇ ਡੁਬਈ ਤੋਂ ਵਾਪਸ ਆਉਂਦੇ ਨੇ। ਉਥੇ ਭਾਂਵੇਂ ਭੱਠਿਆਂ ’ਤੇ ਇਟਾਂ ਢੋਹਦੇ ਹੋਣ, ਪਰ ਜਦੋਂ ਘਰ ਆਉਂਦੇ ਨੇ ਦਿੱਲੀ ਤੋਂ ਟੈਕਸੀ ਕਰਕੇ ਆਉਣਗੇ, ਗੱਲ ਵਿਚ ਇਕ ਪਾਸੇ ਕੈਮਰਾ ਦੂਜੇ ਪਾਸੇ ਟਰਾਂਜਿਸਟਰ, ਟੇਪ ਰਿਕਾਡਰ, ਦੋ ਵੱਡੇ ਸੂਟਕੇਸ ਟੈਕਸੀ ਦੇ ਉੱਤੇ ਲੱਦੇ ਹੁੰਦੇ ਨੇ।

ਰਾਮੂ : ਹਮਾਰੇ ਗਾਂਓ ਟੈਕਸੀ ਤੋ ਨਹੀਂ ਜਾਤੀ, ਬੱਸ ਭੀ ਦੋ ਕੋਸ ਦੂਰ ਉਤਾਰ ਦੇਤੀ ਹੈ, ਗਾਂਓ ਪੈਦਲ ਹੀ ਜਾਣਾ ਪੜਤਾ ਹੈ। ਸਮਾਨ ਪੀ ਸਰ ਪੇ ਉਠਾਨਾ ਪੜਤਾ ਹੈ, ਮਗਰ ਮੈਨੇ ਗਾਂਓ ਚਿੱਠੀ ਪਹਿਲੇ ਹੀ ਭੇਜ ਦੀ ਹੈ, ਪਟਨਾ ਅਸਟੇਸ਼ਨ ਕੋਈ ਨਾ ਕੋਈ ਗਾਂਓ ਦਾ ਰਿਸ਼ਤੇਦਾਰ ਜ਼ਰੂਰ ਆਏਗਾ, ਬੈਲ ਗਾੜੀ ਸੇ ਜਾਏਂਗੇ।

ਬਾਬਾ ਜੀ : ਚਿੱਠੀ ਪਾ ਦਿੱਤੀ ਏ ? ਉਹਨਾਂ ਨੂੰ ਕੀ ਪਤੈ ਕਿਹੜੀ ਗੱਡੀ ਆਉਣਾ ਏ।

ਰਾਮੂ : ਬੀਰ ਜੀ ਨੇ ਹਮਾਰੀ ਸੀਟ ਪਹਿਲੇ ਹੀ ਰੀਜ਼ਰਵ ਕਰਵਾ ਦੀ ਹੈ, ਬੀਰ ਜੀ ਕਹਿਤੇ ਥੇ ਕਿ ਮੁਝੇ ਸਫ਼ਰ ਮੇਂ ਕੋਈ ਤਕਲੀਫ ਨਹੀਂ ਹੋਗੀ, ਹਮ ਰੀਜ਼ਰਵ ਡਿੱਬੇ ਮੇਂ ਸਫ਼ਰ ਕਰੇਂਗੇ। ਰਾਤ ਕੋ ਸੋਨੇ ਕੇ ਲੀਏ ਭੀ ਜਗ੍ਹਾ ਹੋਗੀ। ਬਾਬਾ ਜੀ, ਜਬ ਤੀਨ ਸਾਲ ਪਹਿਲੇ ਦੇਸ ਸੇ ਆਏ ਥੇ ਤੋ ਦੋ ਰਾਤ ਔਰ ਏਕ ਦਿਨ ਗਾੜੀ ਕੀ ਛੱਤ ਪਰ ਸਫ਼ਰ ਕੀਆ।

ਬਾਬਾ ਜੀ : ਦੋ ਰਾਤ ਤੇ ਇਕ ਦਿਨ, ਫੇਰ ਤੂੰ ਸੁੱਤਾ ਨਹੀਂ ਹੋਣਾ।

ਰਾਮੂ : ਸੋਤਾ ਕੈਸੇ ? ਹਰ ਸਮੇਂ ਐਸਾ ਲਗੇ ਕਿ ਗਿਰਾ ਕੇ ਗਿਰਾ। ਫਿਰ ਮੇਰੀ

ਆਖੋਂ ਕੇ ਆਗੇ ਵੋਹ ਦ੍ਰਿਸ਼ ਆ ਜਾਤਾ ਕਿ ਮੇਰੀ ਮਾਂ ਕੋ ਖ਼ਬਰ ਹੁਈ ਹੈ ਕਿ ਉਸਕਾ ਰਾਮੂ ਗਾੜੀ ਸੇ ਗਿਰ ਕਰ ਰਾਮ ਕੋ ਪਿਆਰਾ ਹੋ ਗਿਆ ਹੈ ਔਰ ਵੋਹ ਛਾਪੀ ਪੀਟ ਕਰ ਰੋ ਰਹੀ ਹੈ। ਬਾਬਾ ਜੀ ਮੌਤ ਬੜੀ ਭਿਆਨਕ ਚੀਜ਼ ਹੈ।

ਬਾਬਾ ਜੀ : ਹੁਣ ਤੈਨੂੰ ਡਰ ਨਹੀਂ ਆਉਂਦਾ ?

ਰਾਮੂ : ਨਹੀਂ ਅਬ ਨਹੀਂ। ਅਬ ਤੋਂ ਮੈਂ ਖੁਸ਼ੀ ਖੁਸ਼ੀ ਜਾ ਰਹਾ ਹੂੰ। ਅਭ ਤੋ ਮੇਰੀ ਬਹਿਨਾ ਕੀ ਸ਼ਾਦੀ ਹੋਗੀ। ਮੈਂ ਜੋ ਮਾਂ ਕੋ ਪੈਸੇ ਭੇਜਤਾ ਰਹਾਂ ਹੂੰ, ਮਾਂ ਨੇ ਬਹਿਨਾ ਕੀ ਸ਼ਾਦੀ ਕੀ ਸਾਰੀ ਤਿਆਰੀ ਕਰ ਲੀ ਹੈ। ਪਿਛਲੀ ਚਿੱਠੀ ਮੇਂ ਮਾਂ ਨੇ ਯੇਹੀ ਬਾਤ ਲਿਖੀ ਥੀ। ਆਪਨੇ ਹੀ ਤੋ ਵੋਹ ਚਿੱਠੀ ਪੜੀ ਥੀ।

ਬਾਬਾ ਜੀ : ਹਾਂ ਮੈਂ ਹੀ ਪੜ੍ਹੀ ਸੀ। ਚਿੱਠੀ ਵਿਚ ਗੱਲ ਥੋੜੀ ਸੀ ਪਰ ਅਸੀਸਾਂ ਬਹੁਤੀਆਂ ਸਨ...ਭਗਵਾਨ ਮੇਰੇ ਰਾਮੂ ਕੀ ਰਖਿਆ ਕਰੇ, ਭਗਵਾਨ ਮੇਰੇ ਰਾਮੂ ਕੋ ਸੁੱਖੀ ਰਖੇ, ਭਗਵਾਨ ਮੇਰੇ ਰਾਮੂ ਕੋ ਮੇਰੇ ਸਾਥ ਮਿਲਵਾਏ।

ਰਾਮੂ : ਬਾਬਾ ਜੀ, ਯੇਹ ਮਾਂ ਕੀ ਪ੍ਰਾਥਨਾ ਕਾ ਹੀ ਨਤੀਜਾ ਹੈ ਕਿ ਮੈਂ ਜਲਦੀ ਮਾਂ ਕੋ ਮਿਲੂੰਗਾ, ਬਹਿਨਾ ਕੀ ਸ਼ਾਦੀ ਹੋਗੀ, ਮਾਂ ਕੋ ਬੇਟੀ ਕੀ ਸ਼ਾਦੀ ਕੀ ਬੜੀ ਚਿੰਤਾ ਥੀ।

ਬਾਬਾ ਜੀ : ਹਾਂ ਬੇਟੀ ਪੈਦਾ ਹੁੰਦਿਆਂ ਹੀ ਮਾਂਪਿਆ ਨੂੰ ਫਿਰਕ ਹੋ ਜਾਂਦਾ ਹੈ ਕਿ ਬੇਟੀ ਦੇ ਹੱਥ ਕਦੋਂ ਪੀਲੇ ਕਰਨੇ ਹਨ। ਉਹ ਉਸ ਵੇਲੇ ਤੋਂ ਤਿਆਰੀ ਸ਼ੁਰੂ ਕਰ ਦੇਂਦੀ ਹੈ ਕਿ ਦਾਜ ਵਿਚ ਕੀ ਕੀ ਦੇਣਾ ਹੈ। ਆਪਣੇ ਦਾਜ ਵਿਚ ਲਿਆਂਦੀਆਂ ਚੀਜ਼ਾਂ ਵੀ ਟਰੰਕ ਵਿਚ ਸਾਂਭਣੀਆਂ ਸ਼ੁਰੂ ਕਰ ਦੇਂਦੀ ਏ। ਸਾਡੀ ਮਨਜੀਤ ਦੀ ਮਾਂ ਨੇ ਵੀ ਬਹੁਤ ਕੁਝ ਸਾਂਭਿਆ ਹੋਇਆ ਏ ਭਾਵੇਂ ਉਹ ਵਿਚਾਰੀ ਨੂੰ ਮਨਜੀਤ ਦਾ ਵਿਆਹ ਵੇਖਣਾ ਮਿਲਿਆ ਨਹੀਂ।

ਰਾਮੂ : ਮਗਰ ਮਨਜੀਤ ਬੀਬੀ ਤੋ ਕਹਿਤੀ ਹੈ ਕਿ ਉਸਨੇ ਵਿਆਹ ਮੇਂ ਕੋਈ ਦਾਜ ਨਹੀਂ ਲੇਨਾ ਔਰ ਵੋਹ ਆਪਕੋ ਕੋਈ ਦਾਜ ਨਹੀਂ ਦੇਨੇ ਦੇਗੀ।

ਬਾਬਾ ਜੀ : ਤੈਨੂੰ ਕਿਸ ਤਰ੍ਹਾਂ ਪਤਾ ਏ ?

ਰਾਮੂ : ਮੁਝੇ ਮਨਜੀਤ ਬੀਬੀ ਕੀ ਹਰ ਇਕ ਬਾਤ ਪਤਾ ਹੈ, ਵੋਹ ਜਭ ਯਹਾਂ ਪੜ੍ਹਾਤੀ ਥੀ ਤੋ ਲੜਕੀਓ ਕੋ ਭੀ ਯਹੀ ਬਤਾਤੀ ਥੀ। ਸਕੂਲ ਕੀ ਦੀਵਾਰ ਪਰ ਭੀ ਬੜੇ ਅਖਰੋਂ ਮੇਂ ਲਿਖਾ ਥਾ, ਦਹੇਜ ਲੇਨਾ ਔਰ ਦਹੇਜ ਦੇਨਾ ਪਾਪ ਹੈ। ਪੰਜਾਬੀ ਮੇਂ ਭੀ ਲਿਖਾ ਥਾ ਔਰ ਹਿੰਦੀ ਮੇਂ ਭੀ ਲਿਖਾ ਥਾ। ਮਨਜੀਤ ਭੈਣ ਜੀ ਨੇ ਮੁਝੇ ਬਹੁਤ ਕੁਝ ਪੜ੍ਹਾ ਦੇਨਾਂ ਥਾ, ਮਗਰ ਉਸਕੀ ਬਦਲੀ ਸ਼ਹਿਰ ਕੇ ਸਕੂਲ ਮੇਂ ਨਾ ਹੋਤੀ। ਮੈਂ ਜਬ ਸ਼ਹਿਰ ਸੇ

ਗਾੜੀ ਪਕੜੂੰਗਾ ਤੋ ਮਨਜੀਤ ਬਹਿਨ ਜੀ ਕੋ ਜ਼ਰੂਰ ਮਿਲ ਕਰ ਜਾਊਂਗਾ, ਵੋਹ ਕਹਿਤੀ ਥੀ ਕਿ ਉਸਨੇ ਮੇਰੀ ਬਹਿਨ ਕੇ ਲੀਏ ਕੁਝ ਚੀਜ਼ੇ ਭੀ ਰਖੀਂ ਹੁਈਂ ਹੈਂ।

ਬਾਬਾ ਜੀ : ਅੱਛਾ ਜ਼ਰੂਰ ਮਿਲਕੇ ਜਾਈਂ।

ਰਾਮੂ : ਬਾਬਾ ਜੀ, ਹਮਾਰੇ ਗਾਂਓ ਮੇਂ ਲੜਕੀਓ ਕਾ ਬਿਆਹ ਨਹੀਂ ਹੋਤਾ ਅਗਰ ਉਨਕੇ ਮਾਂ ਬਾਪ ਗਰੀਬ ਹੋ। ਵੋਹ ਲੜਕੀਓ ਕੇ ਬਿਆਹ ਬਨੀਓ ਸੇ ਕਰਜ ਲੇਕਰ ਕਰਤੇ ਹੈ ਔਰ ਫਿਰ ਉਮਰ ਭਰ ਬਿਆਜ ਦੇਤੇ ਰਹਿਤੇ ਹੈ।

ਬਾਬਾ ਜੀ : ਰਾਮੂ ਤੁਹਾਡੇ ਦੇਸ ਵਿਚ ਕੀ, ਸਾਡੇ ਇਥੇ ਇਹੋ ਮਸਲਾ ਏ, ਗਰੀਬ ਲਈ ਧੀ ਦਾ ਵਿਆਹ ਕਰਨਾ ਕੋਈ ਸੋਖੀ ਗੱਲ ਨਹੀਂ।

ਰਾਮੂ : ਬੀਰ ਜੀ, ਅਭੀ ਆਏ ਨਹੀਂ ਬੜੀ ਦੇਰ ਲਗਾ ਦੀ ਹੈ। ਬਾਬਾ ਜੀ, ਮੈਂ ਕੁਝ ਦਿਨੋਂ ਸੇ ਦੇਖ ਰਹਾ ਹੂੰ। ਬੀਰ ਜੀ ਫਿਕਰੋਂ ਮੇਂ ਡੂਬੇ ਰਹਿਤੇ ਹੈਂ, ਬਹੁਤ ਉਦਾਸ ਹੈਂ।

ਬਾਬਾ ਜੀ : ਰਾਮੂ, ਤੇਰੇ ਤੋਂ ਕੀ ਲੁਕਾ, ਟਰੈਕਟਰ ਖਰੀਦਨ ਵੇਲੇ ਬੈਂਕ ਤੋਂ ਜੋ ਕਰਜਾ ਲਿਆ ਸੀ ਉਹਦੀ ਕਿਸ਼ਤ ਦੇਣ ਨਹੀਂ ਹੋਈ। ਬੇਵਕਤੀ ਬਾਰਸ਼ ਨੇ ਸਭ ਕੁਝ ਤਬਾਹ ਕਰ ਦਿੱਤਾ ਏ, ਹੁਣ ਜ਼ਮੀਨ ਵੀ ਹੈ, ਇਹ ਘਰ ਵੀ ਹੈ, ਸਭ ਕੁਝ ਹੈ ਪਰ ਨਕਦ ਪੈਸਾ ਕੋਈ ਨਹੀਂ, ਬੱਸ ਕੁਲਦੀਪ ਨੂੰ ਇਹੋ ਫਿਕਰ ਖਾ ਰਿਹਾ ਹੈ। ਤੂੰ ਇਹ ਦੱਸ ਪਟਨਾ ਸਟੇਸ਼ਨ ਤੋਂ ਤੈਨੂੰ ਆਪਣੇ ਗਾਂਓ ਪਹੁੰਚਣ ਵਿਚ ਕਿੰਨੀ ਦੇਰ ਲੱਗੇਗੀ ?

ਰਾਮੂ : ਪੈਦਲ ਚਲੇਂ ਤੋਂ ਦੋ ਘੰਟੇ ਮੇਂ ਪਹੁੰਚ ਜਾਤੇ ਹੈਂ। ਮਗਰ ਅਭ ਮੈਂ ਗਾਂਓ ਜਾਣੇ ਸੇ ਪਹਿਲੇ ਗੁਰਦੁਆਰਾ ਮੱਥਾ ਟੇਕਨੇ ਜ਼ਰੂਰ ਜਾਊਂਗਾ, ਵਹਾਂ ਬਹੁਤ ਬੜਾ ਗੁਰਦੁਆਰਾ ਹੈ।

ਬਾਬਾ ਜੀ : ਅੱਗੇ ਕਦੀ ਗਿਆ ਏਂ ?

ਰਾਮੂ : ਸਿਰਫ਼ ਇਕ ਬਾਰ। ਵਹਾਂ ਹਮਨੇ ਲੰਗਰ ਮੇਂ ਬੈਠਕਰ ਖਾਣਾ ਖਾਇਆ। ਸਭ ਏਕ ਕਤਾਰ ਮੇਂ ਬੈਠ ਕੇ ਖਾਤੇ ਹੈਂ। ਊਚੀ ਜਾਤ ਵਾਲੇ ਭੀ ਔਰ ਨੀਚੀ ਜਾਤ ਵਾਲੇ ਭੀ। ਹਮਾਰੇ ਗਾਂਓ ਕੀ ਤਰ੍ਹਾਂ ਨਹੀਂ ਕਿ ਬ੍ਰਾਹਮਣ ਲੋਕ ਬੱਖਰੇ ਬੈਠੇਂ ਔਰ ਨੀਚੀ ਜਾਤ ਵਾਲੇ ਬੱਖਰੇ ਬੈਠੇਂ। ਬਾਬਾ ਜੀ ਆਗੇ ਤੋਂ ਹਮੇ ਪੰਜਾਬ ਕੇ ਲੋਕੋਂ ਕੇ ਬਾਰੇ ਜ਼ਿਆਦਾ ਪਤਾ ਨਹੀਂ ਥਾ, ਅਭ ਤੋਂ ਉਨਕੇ ਸਾਥ ਹਮਾਰੀ ਸਾਂਝ ਬਣ ਗਈ ਹੈ, ਅਭ ਤੋਂ ਮੈਂ ਜ਼ਰੂਰ ਮੱਥਾ ਟੈਕਨੇ ਜਾਊਂਗਾ।

ਬਾਬਾ ਜੀ : ਤੂੰ ਤੇ ਇਥੇ ਵੀ ਬੜੀ ਵਾਰ ਗੁਰਦੁਆਰੇ ਚਲੇ ਜਾਂਦਾ ਏਂ, ਸ਼ਾਇਦ ਲੰਗਰ ਖਾਣ।

ਰਾਮੂ : ਹਾਂ ਬਾਬਾ ਜੀ, ਮਗਰ ਸਿਰਫ਼ ਲੰਗਰ ਖਾਣੇ ਨਹੀਂ ਕੁਛ ਬਾਤੇਂ ਸੁਣਨੇ ਭੀ ਜਾਤਾ ਹੂੰ। ਅਭ ਮੁਝੇ ਪੰਜਾਬੀ ਬੋਲੀ ਭੀ ਸਮਝ ਆ ਜਾਤੀ ਹੈ। ਕੱਲ ਹਮਨੇ ਗੁਰਦੁਆਰੇ ਮੇਂ ਭਾਈ ਘਨ੍ਹਈਆ ਕੀ ਸਾਖੀ ਸੁਣੀ।

ਬਾਬਾ ਜੀ : ਕੀ?

ਰਾਮੂ : ਸਾਰੀ ਬਾਤ ਤੋ ਯਾਦ ਨਹੀਂ, ਮਗਰ ਏਕ ਬਾਤ ਸਮਝ ਮੇਂ ਆਈ ਕਿ ਭਾਈ ਘਨ੍ਹਈਆ ਜੰਗ ਕੇ ਮੈਦਾਨ ਮੇਂ ਆਪਣੀ ਮਸ਼ਕ ਸੇ ਸਭ ਕੋ ਪਾਣੀ ਪਿਲਾਤਾ ਥਾ। ਆਪਣੇ ਸਿਪਾਹੀਓ ਕੋ ਭੀ ਔਰ ਦੁਸ਼ਮਣ ਕੇ ਸਿਪਾਹੀਓ ਕੋ ਭੀ। ਸਭ ਜ਼ਖ਼ਮੀਂਓ ਕੀ ਮਰਹਮ ਪੱਟੀ ਕਰਤਾ ਥਾ, ਚਾਹੇ ਦੋਸਤ ਹੋ ਚਾਹੇ ਦੁਸ਼ਮਣ। ਬਾਬਾ ਜੀ ਯੇਹ ਕੋਈ ਮਾਮੂਲੀ ਬਾਤ ਨਹੀਂ।

ਬਾਬਾ ਜੀ : ਹਾਂ ਰਾਮੂ, ਸਾਡੇ ਇਤਿਹਾਸ ਵਿਚ ਭਾਈ ਘਨ੍ਹਈਆ ਦੀ ਖਾਸ ਥਾਂ ਹੈ, ਕਿਸੇ ਵੇਲੇ ਮੈਂ ਭਾਈ ਘਨ੍ਹਈਆ ਦੀ ਪੂਰੀ ਸਾਖੀ ਤੈਨੂੰ ਸੁਣਾਵਾਂਗਾ।

ਰਾਮੂ : ਬਾਬਾ ਜੀ, ਕਿਸੀ ਵਕਤ ਕਿਉਂ ਨਹੀਂ, ਕੱਲ ਭੀ ਮੈਨੇ ਸੁਣੀ, ਮਗਰ ਆਜ ਆਪ ਕੇ ਮੂੰਹ ਸੇ ਸੁਣਨਾ ਚਾਹੂੰਗਾ।

ਬਾਬਾ ਜੀ : ਤਾਂ ਸੁਣ, ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਭੰਗਾਣੀ ਦਾ ਯੁੱਧ ਹੋਇਆ। ਇਕ ਪਾਸੇ ਪਹਾੜੀ ਰਾਜੇ ਅਤੇ ਮੁਗ਼ਲਾਂ ਦੀ ਫ਼ੌਜ ਸੀ, ਦੂਸਰੇ ਪਾਸੇ ਗੁਰੂ ਦੇ ਸਿੰਘਾਂ ਦੀ। ਉਸ ਯੁੱਧ ਵਿਚ ਜ਼ਰੂਰਤਮੰਦਾਂ ਨੂੰ ਪਾਣੀ ਪਿਆਉਣ ਦੀ ਸੇਵਾ ਭਾਈ ਘਨ੍ਹਈਆ ਨੇ ਆਪਣੇ ਜ਼ਿੰਮੇ ਲਈ। ਦੁੱਖੀਆਂ ਲਈ ਪਛਾਣ ਬਣਾਈ ਰੱਖਣ ਖਾਤਰ ਭਾਈ ਘਨ੍ਹਈਆ ਨੇ ਚਿੱਟੇ ਕੱਪੜੇ ਪਾ ਲਏ। ਉਹਨੇ ਮੋਢੇ ਉੱਤੇ ਪਾਣੀ ਦੀ ਭਾਰੀ ਮਸ਼ਕ ਪਾ ਲਈ ਤੇ ਚਿੱਟੇ ਰੰਗ ਦਾ ਝੰਡਾ ਹੱਥ ਵਿਚ ਫੜ ਲਿਆ।

ਰਾਮੂ : ਚਿੱਟਾ ਝੰਡਾ ਬਾਬਾ ਜੀ ਕਿਉਂ?

ਬਾਬਾ ਜੀ : ਜੰਗ ਦੇ ਮੈਦਾਨ ਵਿਚ ਚਿੱਟੇ ਝੰਡੇ ਦਾ ਮਤਲਬ ਹੁੰਦਾ ਹੈ ਕਿ ਇਹ ਝੰਡਾ ਪਕੜਣ ਵਾਲਾ ਲੜਨ ਵਾਲਾ ਸਿਪਾਹੀ ਨਹੀਂ, ਸੇਵਾ ਕਰਨ ਵਾਲਾ ਹੈ। ਅੱਜਕਲ ਰੈੱਡ ਕਰਾਸ ਵਾਲਿਆਂ 'ਚ ਝੰਡਾ ਵੀ ਚਿੱਟਾ ਹੈ। ਕਈ ਵਾਰ ਥੱਕੇ ਹਾਰੇ ਅਤੇ ਤੇਹ ਦੇ ਮਾਰੇ ਹੋਏ ਸਿਪਾਹੀ ਭਾਈ ਘਨ੍ਹਈਆ ਕੋਲ ਪਹੁੰਚ ਕੇ ਪਾਣੀ ਮੰਗਦੇ। ਬਿਨਾਂ ਕਿਸੇ ਫਰਕ ਦੇ ਉਹਨਾਂ ਨੂੰ ਪੀਣ ਲਈ ਠੰਡਾ ਪਾਣੀ ਮਿਲਦਾ। ਉਹ ਤਾਜ਼ਾ ਦਮ ਹੋ ਕੇ ਮੁੜ ਲੜਾਈ ਵਿਚ ਕੁੱਦ ਜਾਂਦੇ। ਉਹ ਦੁਸ਼ਮਣ ਦੇ ਸਿਪਾਹੀ ਵੀ ਹੁੰਦੇ ਸਨ ਤੇ ਗੁਰੂ ਜੀ ਦੇ ਆਪਣੇ ਸਿਪਾਹੀ ਵੀ ਹੁੰਦੇ ਸਨ। ਗੁਰੂ ਜੀ ਕੋਲ ਭਾਈ ਘਨ੍ਹਈਆ ਜੀ ਦੀ ਸ਼ਿਕਾਇਤ ਪਹੁੰਚੀ ਕਿ ਉਹ

ਦੁਸ਼ਮਣ ਦੇ ਸਿਪਾਹੀਆਂ ਨੂੰ ਵੀ ਪਾਣੀ ਪਿਆਉਂਦਾ ਹੈ ਤੇ ਉਹ ਦੁਸ਼ਮਣ ਦੇ ਸਿਪਾਹੀਆਂ ਦੇ ਜ਼ਖ਼ਮਾਂ ਉੱਤੇ ਪੱਟੀਆਂ ਵੀ ਬੰਨ੍ਹ ਦੇਂਦਾ ਹੈ। ਅਸੀਂ ਉਨ੍ਹਾਂ ਨੂੰ ਮਾਰ ਕੇ ਡੇਗਦੇ ਹਾਂ ਉਹ ਖੜਾ ਕਰ ਦੇਂਦਾ ਹੈ। ਗੁਰੂ ਜੀ ਨੇ ਭਾਈ ਘਨ੍ਹਈਆ ਨੂੰ ਪੁੱਛਿਆ ਤਾਂ ਉਹਨਾਂ ਦਾ ਜਵਾਬ ਸੀ।

ਰਾਮੂ : ਕੀ?

ਬਾਬਾ ਜੀ : ਸੱਚੇ ਪਾਤਸ਼ਾਹ, ਮੈਂ ਜੀਹਨਾਂ ਨੂੰ ਵੀ ਪਾਣੀ ਪਿਆਇਆ ਹੈ, ਉਹਨਾਂ ਵਿਚੋਂ ਮੈਨੂੰ ਕੋਈ ਵੀ ਦੁਸ਼ਮਣ ਵਿਖਾਈ ਨਹੀਂ ਦਿੱਤਾ। ਉਹ ਤਾਂ ਦੁੱਖੀ ਸਨ, ਤੁਸੀ ਹੀ ਕਿਹਾ ਸੀ ਕਿ ਦੁੱਖੀਆਂ ਦੀ ਸੇਵਾ ਕਰਾਂ।

ਨਾ ਕੋ ਬੈਰੀ ਨਹੀਂ ਬਿਗਾਨਾ
ਸਗਲ ਸੰਘ ਹਮ ਕੋ ਬਣ ਆਈ

ਰਾਮੂ : ਨਾ ਕੋ ਬੈਰੀ ਨਹੀਂ ਬਿਗਾਨਾ, ਬਹੁਤ ਬੜੀ ਬਾਤ ਹੈ ਬਾਬਾ ਜੀ । ਹਮਾਰੇ ਲੀਏ ਕੋਈ ਬੈਰੀ ਨਹੀਂ, ਕੋਈ ਬਿਗਾਨਾ ਨਹੀਂ।

*(ਕੁਲਦੀਪ ਆਉਂਦਾ ਹੈ, ਅਖੀਰਲੀ ਗੱਲ ਸੁਣ ਲੈਂਦਾ ਹੈ।)*

ਕੁਲਦੀਪ : ਤੁਸੀਂ ਬਾਪੂ ਜੀ, ਰਾਮੂ ਨੂੰ ਭਾਈ ਘਨ੍ਹਈਆ ਦੀ ਸਾਖੀ ਸੁਣਾ ਰਹੇ ਹੋ, ਨਾ ਕੋ ਬੈਰੀ ਨਹੀਂ ਬਿਗਾਨਾਂ। ਪਰ ਸਾਡੇ ਲਈ ਤਾਂ ਸਾਰੇ ਬਿਗਾਨੇ ਹੋ ਗਏ ਨੇ।

ਬਾਬਾ ਜੀ : ਕਿਉਂ ਕੁਲਦੀਪ ਕੀ ਹੋਇਆ, ਕੁਝ ਪੈਸੇ ਦਾ ਬੰਦੋਬਸਤ?

ਕੁਲਦੀਪ : ਨਹੀਂ ਸਭ ਪਾਸੇ ਤੋਂ ਕੋਰਾ ਜਵਾਬ ਮਿਲਿਆ, ਹੁਣ ਤਾਂ ਟਰੈਕਟਰ ਐਤਵਾਰ ਟਰੈਕਟਰ ਮੰਡੀ ਵਿਕਣਾ ਲਗਾਉਣਾ ਪਏਗਾ। (ਰਾਮੂ ਨੂੰ) ਰਾਮੂ ਤੈਨੂੰ ਪਤਾ ਏ ਕਿ ਤੇਰੀ ਗੱਡੀ ਲੁਧਿਆਣਾ ਸਟੇਸ਼ਨ ਤੋਂ ਸ਼ਾਮ 7 ਵਜੇ ਚਲਦੀ ਏ, ਪਰਸੋਂ ਜਾਣਾ ਏ।

ਬਾਬਾ ਜੀ : ਇਹ ਕਹਿੰਦਾ ਏ ਕਿ ਮਨਜੀਤ ਨੂੰ ਮਿਲ ਕੇ ਜਾਣਾ ਏ, ਉਹਨਾਂ ਇਹਦੀ ਭੈਣ ਦੇ ਵਿਆਹ ਲਈ ਕੁਝ ਚੀਜ਼ਾਂ ਬਣਾ ਕੇ ਰੱਖੀਆਂ ਨੇ।

ਕੁਲਦੀਪ : ਆਹੋ, ਉਹ ਵੀ ਕਹਿੰਦੀ ਸੀ ਕਿ ਮਿਲ ਕੇ ਜਾਵੇ। ਨਾਲੇ ਬਾਪੂ ਜੀ ਮਨਜੀਤ ਇਕ ਹੋਰ ਗੱਲ ਵੀ ਕਹਿੰਦੀ ਸੀ।

ਬਾਬਾ ਜੀ : ਕੀ?

ਕੁਲਦੀਪ : ਦੱਸਦਾਂ ਹਾਂ (ਰਾਮੂ ਨੂੰ) ਤੂੰ ਜਾ ਮੱਝ ਨੂੰ ਪਾਣੀ ਪਿਆ। ਅੱਜ ਦਾ ਦਿਨ ਤੇ ਕੱਲ ਦਾ ਦਿਨ ਤੂੰ ਪਿਆਏਂਗਾ, ਫੇਰ ਮੈਂ ਆਪੇ ਪਿਆ ਲਵਾਂਗਾ।

*(ਰਾਮੂ ਜਾਂਦਾ ਹੈ)*

ਬਾਬਾ ਜੀ : ਕੀ ਕਹਿੰਦੀ ਸੀ ਮਨਜੀਤ?

ਕੁਲਦੀਪ : ਉਹ ਕਹਿੰਦੀ ਸੀ ਕਿ ਬੇਬੇ ਨੇ ਟਰੰਕ ਵਿਚ ਜਿਹੜੇ ਉਹਦੇ ਵਿਆਹ

ਲਈ ਗਹਿਣੇ ਰੱਖੇ ਨੇ ਉਹ ਬਾਪੂ ਜੀ ਵੇਚ ਦੇਣ। ਬੈਂਕ ਵਾਲੀਆਂ ਕਿਸ਼ਤਾਂ ਦਿੱਤੀਆਂ ਜਾ ਸਕਣਗੀਆਂ।

ਬਾਬਾ ਜੀ : ਨਹੀਂ ਨਹੀਂ, ਇਹ ਕਿਸ ਤਰ੍ਹਾਂ ਹੋ ਸਕਦੈ। ਉਹ ਉਹਦੀ ਮਾਂ ਦੀ ਅਮਾਨਤ ਏ, ਮਨਜੀਤ ਭਾਵੇਂ ਕੁਝ ਕਹੇ ਜਾਂ ਨਾ ਕਹੇ ਪਰ ਮਾਂ ਦੀਆਂ ਰੱਖੀਆਂ ਚੀਜ਼ਾਂ ਉਹਨੂੰ ਲੈਣੀਆਂ ਹੀ ਪੈਣੀਆਂ ਨੇ। ਉਹਦੀ ਮਾਂ ਦੀ ਆਤਮਾ ਨੂੰ ਤਾਂ ਹੀ ਚੈਨ ਮਿਲੇਗਾ।

*(ਗੁਰਦੁਆਰੇ ਦੇ ਸਪੀਕਰ ਤੋਂ ਇਕ ਘਬਰਾਈ ਅਵਾਜ਼ ਆਉਂਦੀ ਹੈ।)*

ਅਵਾਜ਼ : ਸਾਧ ਸੰਗਤ ਜੀ, ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ। ਸਾਰੀ ਸੰਗਤ ਨੂੰ ਸੂਚਨਾ ਦਿੱਤੀ ਜਾਂਦੀ ਹੈ ਕਿ ਭਟੀਆਂ ਦੇ ਕੋਲ ਵੱਡੀ ਲਾਈਨ 'ਤੇ ਭਿਆਨਕ ਰੇਲ ਹਾਦਸਾ ਹੋ ਗਿਆ ਹੈ। ਸੰਗਤ ਸਾਰੀ ਜ਼ਖ਼ਮੀਂ ਅਤੇ ਫੱਟੜਾਂ ਦੀ ਸਹਾਇਤਾ ਲਈ ਪੁੱਜੇ।

: ਹੁਣੇ ਹੁਣੇ ਆਪਣੇ ਪਿੰਡ ਦਾ ਗੁਰਮੁੱਖ ਸਿੰਘ ਪੁੱਜਿਆ ਹੈ, ਉਹਨੇ ਦੱਸਿਆ ਹੈ ਕਿ ਵੱਡੀ ਗਿਣਤੀ ਵਿਚ ਮੁਸਾਫ਼ਰ ਰੇਲ ਦੇ ਡੱਬਿਆਂ ਵਿਚ ਫ.ਸੇ ਹੋਏ ਹਨ, ਇਸ ਬਿਪਤਾ ਵਿਚ ਲੋੜਵੰਦਾਂ ਦੀ ਸਹਾਇਤਾ ਕਰਨਾ ਸਾਡਾ ਫਰਜ਼ ਹੈ।

: ਮਰਦ ਸਾਰੇ ਹਾਦਸੇ ਵਾਲੀ ਥਾਂ 'ਤੇ ਪੁੱਜਣ ਤਾਂ ਜੋ ਫੱਟੜਾਂ ਦੀ ਸਹਾਇਤਾ ਹੋ ਸਕੇ।

: ਬੀਬੀਆਂ ਘਰਾਂ ਵਿਚ ਲੰਗਰ ਪਕਾਉਣ।

: ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਿਹ।

ਬਾਬਾ ਜੀ : ਰਾਮੂ, ਕੀ ਦੇਖ ਕੇ ਆਇਆ ਏਂ ?

ਰਾਮੂ : ਬਹੁਤ ਭਿਆਨਕ ਦ੍ਰਿਸ਼ ਦੇਖ ਕੇ ਆਇਆ ਹੂੰ, ਐਸਾ ਭਿਆਨਕ ਦ੍ਰਿਸ਼ ਮੈਨੇ ਜਿੰਦਗੀ ਮੇਂ ਕਭੀ ਨਹੀਂ ਦੇਖਾ। ਲਾਸ਼ੋ ਦਾ ਢੇਰ, ਜ਼ਖ਼ਮੀਓ ਕੀ ਹਾਏ ਹਾਏ, ਮਗਰ ਜੀਤੇ ਰਹੇਂ ਗਾਂਓ ਕੇ ਲੋਕ, ਜੋ ਆਪਣੀ ਜਾਨ ਪਰ ਖੇਲ ਕਰ ਜ਼ਖ਼ਮੀਂਓ ਕੀ ਮਦਦ ਕਰ ਰਹੇ ਹੈਂ। ਗਾੜੀ ਕੇ ਡਿੱਬੋ ਮੇਂ ਫਸੇ ਲੋਗੋਂ ਕੋ ਨਿਕਾਲ ਰਹੇ ਹੈਂ। ਉਸਮੇਂ ਬੱਚੇ ਭੀ ਹੈ, ਬੁੱਢੇ ਭੀ ਹੈਂ, ਔਰਤੈਂ ਭੀ ਹੈ, ਜਵਾਨ ਭੀ ਹੈਂ, ਮੁਸਾਫਰੋਂ ਕਾ ਸਾਰਾ ਸਮਾਨ ਆਸ-ਪਾਸ ਬਿਖਰਾ ਪੜਾ ਹੈ, ਮਗਰ ਕਿਸੀ ਕਾ ਧਿਆਨ ਉਸ ਸਮਾਨ ਕੀ ਤਰਫ ਨਹੀਂ, ਸਭ ਜ਼ਖ਼ਮੀਂਓ ਕੀ ਸੇਵਾ ਕਰ ਰਹੇ ਹੈਂ।

ਬਾਬਾ ਜੀ : ਰਾਮੂ ਕੋਈ ਲੁੱਟ ਮਾਰ ਤਾਂ ਨਹੀਂ ਹੋ ਰਹੀ ?

ਰਾਮੂ : ਨਹੀਂ ਬਾਬਾ ਜੀ, ਕੋਈ ਕਿਸੀ ਚੀਜ਼ ਕੋ ਹਾਥ ਨਹੀਂ ਲਗਾ ਰਹਾ, ਹਰ ਇਕ ਦਾ ਧਿਆਨ ਸਿਰਫ਼ ਇਸ ਬਾਤ ਪਰ ਹੈ ਕਿ ਵੋਹ ਦੁੱਖੀਓ

ਕੇ ਕੈਸੇ ਕਾਮ ਆ ਸਕਤਾ ਹੈ...।

ਬਾਬਾ ਜੀ : ਉਹਨਾਂ ਨੂੰ ਇਸ ਤਰ੍ਹਾਂ ਹੀ ਕਰਨਾ ਚਾਹੀਦਾ ਹੈ।

ਰਾਮੂ : ਬਾਬਾ ਜੀ, ਮੁਸਾਫ਼ਰੋਂ ਮੇਂ ਕਿਤਨੇ ਹੀ ਰਾਮੂ ਹੋਗੇਂ, ਜਿਨਕੀ ਮਾਏ ਉਨਕਾ ਇੰਤਜ਼ਾਰ ਕਰ ਰਹੀ ਹੋਂਗੀ, ਬਹਿਨੇ ਕੋਠੇ ਪਰ ਚੜ੍ਹ ਕੇ ਦੂਰ ਕੀ ਤਰਫ ਦੇਰ ਰਹੀਂ ਹੋਂਗੀ ਕਿ ਉਨਕਾ ਭਾਈ ਆਏਗਾ, ਵੋਹ ਅਪਣੇ ਹਾਥੋਂ ਸੇ ਆਪਦੀ ਬਹਿਨ ਕੋ ਡੋਲੀ ਚੜ੍ਹਾਏਗਾ... ਬਾਬਾ ਜੀ ਬੰਦਾ ਸੋਚਤਾ ਕਿਆ ਹੈ ਮਗਰ ਉਪਰਵਾਲੇ ਕੋ ਔਰ ਹੀ ਮਨਜ਼ੂਰ ਹੋਤਾ ਹੈ। ਬਾਬਾ ਜੀ, ਏਕ ਔਰਤ ਕਾ ਦੁੱਖ ਦੇਖਾ ਨਹੀਂ ਜਾਤਾ ਥਾ, ਵੋਹ ਪਾਗਲੋਂ ਕੀ ਤਰ੍ਹਾਂ ਛਾਤੀ ਪੀਟ ਰਹੀ ਥੀ, ਉਸਕੇ ਬਾਲ ਬਿਖਰੇ ਹੂਏ ਥੇ, ਵੋਹ ਸਭ ਤਰਫ ਸਮਾਨ ਕੋ ਉਪਰ ਨੀਚੇ ਕਰ ਰਹੀ ਥੀ, ਜੈਸੇ ਕਿਸੀ ਗੁੰਮ ਹੁਈ ਚੀਜ਼ ਕੋ ਢੂੰਡ ਰਹੀ ਹੋ।

ਬਾਬਾ ਜੀ : ਜ਼ਰੂਰ ਉਹ ਕੋਈ ਕੀਮਤੀ ਚੀਜ਼ ਢੂੰਡ ਰਹੀ ਹੋਣੀ ਏ।

ਰਾਮੂ : ਹਾਂ ਬਾਬਾ ਜੀ, ਵੋਹ ਪੁਕਾਰ ਪੁਕਾਰ ਕੇ ਕਹਿ ਰਹੀ ਥੀ, ਲੋਕੋ ਮੇਰੀ ਜਾਨ ਲੈ ਲੋ, ਮਗਰ ਮੁਝੇ ਮੇਰਾ ਅਟੈਚੀ ਢੂੰਡ ਦੋ।ਅਗਰ ਮੈਨੇ ਅਪਣੇ ਜਵਾਈ ਕੋ ਵੋਹ ਪੈਸੇ ਨਹੀਂ ਪੁਚਾਏ ਤੋ ਮੇਰੀ ਬੇਟੀ ਕੇ ਸਸੁਰਾਲ ਵਾਲੇ ਮੇਰੀ ਬੇਟੋ ਕੋ ਘਰ ਸੇ ਨਿਕਾਲ ਦੇਂਗੇ, ਉਸਕੋ ਜਿੰਦਾ ਜਲਾ ਕਰ ਮਾਰ ਦੇਂਗੇ, ਮੇਰੀ ਬੇਟੀ ਕਾ ਸੁਹਾਗ ਉਸ ਅਟੈਚੀ ਕੇਸ ਮੇਂ ਬੰਦ ਹੈ। ਭਗਵਾਨ ਕਰੇ ਉਸਕਾ ਅਟੈਚੀ ਮਿਲ ਜਾਏ।

ਬਾਬਾ ਜੀ : ਰਾਮੂ ਮਿਲ ਜਾਏਗਾ, ਮੈਨੂੰ ਯਕੀਨ ਏ ਕਿ ਜ਼ਰੂਰ ਮਿਲ ਜਾਏਗਾ।

ਰਾਮੂ : ਹਾਂ ਬਾਬਾ ਜੀ, ਮਿਲ ਜਾਏਗਾ, ਪੁਲਿਸ ਵਾਲੇ ਭੀ ਵਹਾਂ ਪਹੁੰਚ ਗਏ ਹੈਂ। ਵੋਹ ਸਾਰਾ ਬਿਖਰਾ ਸਮਾਨ ਏਕ ਜਗ੍ਹੇ ਇਕੱਠਾ ਕਰ ਰਹੇ ਹੈਂ।

ਬਾਬਾ ਜੀ : ਰਾਮੂ, ਕੀ ਡਾਕਟਰ ਮਦਦ ਵਾਲੇ ਵੀ ਉਥੇ ਪੁੱਜ ਗਏ ਨੇ ?

ਰਾਮੂ : ਹਾਂ ਬਾਬਾ ਜੀ, ਸਫੈਦ ਐਂਬੂਲੈਂਸ ਕੀ ਗਾੜੀਆਂ, ਜਿਸ ਪਰ ਲਾਲ ਵਾਲਾ ਨਿਸ਼ਾਨ ਹੈ, ਵੋਹ ਜ਼ਖ਼ਮੀਓਂ ਕੋ ਹਸਪਤਾਲੋਂ ਮੇਂ ਪਹੁੰਚਾ ਰਹੇ ਹੈਂ।

ਬਾਬਾ ਜੀ : ਤੂੰ ਮੇਰੇ ਨਾਲ ਆ, ਮੈਂ ਤੈਨੂੰ ਸਾਰੀਆਂ ਉਹ ਦਵਾਈਆਂ ਦੇਂਦਾ ਹਾਂ ਜਿਹੜੀਆਂ ਵੇਲੇ ਕੁਵੇਲੇ ਕੰਮ ਆਉਣ ਵਾਸਤੇ ਮੈਂ ਆਪਣੇ ਲਈ ਸਾਂਭੀਆਂ ਨੇ। ਮਲ੍ਹਮ ਦੀ ਵੱਡੀ ਡੱਬੀ ਏ, ਰੂੰ ਵੀ ਏ, ਪੱਟੀਆਂ ਵੀ ਨੇ।

ਰਾਮੂ : ਹਾਂ ਬਾਬਾ ਜੀ, ਮੈਂ ਸਰ ਪਰ ਸਫੈਦ ਰੁਮਾਲ ਬਾਂਧ ਲੂੰਗਾ ਔਰ ਜ਼ਖ਼ਮੀਓਂ ਕੀ ਸੇਵਾ ਕਰੂੰਗਾ।

*(ਬਾਬਾ ਜੀ ਬਾਹਰ ਜਾਂਦੇ ਹਨ ਤੇ ਪਿਛੇ ਪਿਛੇ ਰਾਮੂ ਜਾਂਦਾ ਹੈ। ਦੂਸਰੇ ਪਾਸੇ ਤੋਂ ਕੁਲਦੀਪ ਆਉਂਦਾ ਹੈ, ਉਸ ਦੇ ਹੱਥ ਵਿਚ ਅਟੈਚੀ ਹੈ, ਉਹ ਆਸੇ-ਪਾਸੇ ਦੇਖਦਾ ਹੈ, ਘਬਰਾਇਆ ਹੋਇਆ ਹੈ।)*

ਅਵਾਜ਼ : ਕੁਲਦੀਪ ਸਿੰਘ, ਤੂੰ ਘਬਰਾਇਆ ਹੋਇਆ ਕਿਉਂ ਏਂ ? (ਕੁਲਦੀਪ ਅਟੈਚੀ ਵੱਲ ਵੇਖਦਾ ਹੈ) ਇਹ ਹੁਣ ਤੇਰਾ ਏ, ਇਹਦੇ ਵਿਚ ਪੂਰਾ 30 ਹਜ਼ਾਰ ਰੁਪਿਆ ਏ।

ਕੁਲਦੀਪ : 30 ਹਜ਼ਾਰ ?

ਅਵਾਜ਼ : ਹਾਂ 30 ਹਜ਼ਾਰ, ਜਿਸਦੇ ਨਾਲ ਤੂੰ ਬੈਂਕ ਦੀਆਂ ਕਿਸ਼ਤਾਂ ਤਾਰ ਸਕਦਾ ਏਂ।

ਕੁਲਦੀਪ : ਪਰ ਇਹ ਪੈਸਾ ਮੇਰਾ ਨਹੀਂ।

ਅਵਾਜ਼ : ਇਹ ਤੇਰਾ ਏ, ਇਹਦਾ ਮਾਲਕ ਕਿਸੇ ਵਪਾਰ ਲਈ ਜਾ ਰਿਹਾ ਸੀ, ਹਾਦਸਾ ਹੋ ਗਿਆ, ਉਹ ਆਪ ਮਰ ਗਿਆ ਪਰ ਤੇਰੀ ਮਦਦ ਕਰ ਗਿਆ, ਹੁਣ ਤੈਨੂੰ ਆਪਣਾ ਟਰੈਕਟਰ ਬੋਲੀ ਵਿਚ ਨਹੀਂ ਖੜਾ ਕਰਨਾ ਪਵੇਗਾ, ਸ਼ਰੀਕਾਂ ਦੀਆਂ ਬੋਲੀਆਂ ਨਹੀਂ ਸਹਿਣੀਆਂ ਪੈਣਗੀਆਂ।

ਕੁਲਦੀਪ : ਨਹੀਂ, ਨਹੀਂ ਇਹ ਪਰਾਇਆ ਮਾਲ ਏ, ਇਹ ਮੈਂ ਨਹੀਂ ਰੱਖ ਸਕਦਾ।

ਅਵਾਜ਼ : ਜੇ ਤੂੰ ਨਹੀਂ ਰੱਖੇਗਾਂ ਤਾਂ ਪੁਲਿਸ ਵਾਲੇ ਲੈ ਜਾਣਗੇ।

ਕੁਲਦੀਪ : ਨਹੀਂ ਪੁਲਿਸ ਦਾ ਵੱਡਾ ਅਫ਼ਸਰ ਕਹਿ ਰਿਹਾ ਸੀ ਕਿ ਸਾਰਾ ਸਮਾਨ ਇਕ ਥਾਂ ਜਮ੍ਹਾਂ ਹੋਵੇਗਾ।

ਅਵਾਜ਼ : ਫੇਰ ਤੂੰ ਜਮ੍ਹਾਂ ਕਿਉਂ ਨਾ ਕਰਵਾਇਆ ? ਤੂੰ ਇਹਨੂੰ ਆਪਣੀ ਲੋਈ ਅੰਦਰ ਕਿਉਂ ਛੁਪਾ ਲਿਆ, ਕਿਉਂ ਛੁਪਾ ਲਿਆ, ਕਿਉਂ ਛੁਪਾ ਲਿਆ, ਕਿਉਂ ਛੁਪਾ ਲਿਆ ?

ਕੁਲਦੀਪ : ਹਾਂ ਮੈਂ ਛੁਪਾ ਲਿਆ, ਕਿਉਂਕਿ ਇਹਦੇ ਵਿਚ ਪੂਰਾ 30 ਹਜ਼ਾਰ ਰੁਪਿਆ ਏ, 30 ਹਜ਼ਾਰ ਜਿਸ ਦੇ ਨਾਲ ਮੈਂ ਬੈਂਕ ਦੀਆਂ ਕਿਸ਼ਤਾਂ ਤਾਰਾਂਗਾ। ਮੇਰਾ ਟਰੈਕਟਰ ਨਹੀਂ ਵਿਕੇਗਾ, ਮੈਨੂੰ ਸ਼ਰੀਕਾਂ ਦੀਆਂ ਬੋਲੀਆਂ ਨਹੀਂ ਸਹਿਣੀਆਂ ਪੈਣਗੀਆਂ।

ਅਵਾਜ਼ : ਕੁਲਦੀਪ ਸਿੰਘ ਇਸ ਤੋਂ ਪਹਿਲਾਂ ਕਿ ਬਾਪੂ ਜੀ ਆਉਣ ਤੂੰ ਇਸ ਅਟੈਚੀ ਨੂੰ ਤੂੜੀ ਵਾਲੇ ਕੋਠੇ ਵਿਚ ਤੂੜੀ ਥੱਲੇ ਦੱਬ ਦੇ।

ਕੁਲਦੀਪ : ਨਹੀਂ ਮੈਂ ਇਸ ਤਰ੍ਹਾਂ ਨਹੀਂ ਕਰਾਂਗਾ। ਮੈਂ ਵਾਪਸ ਲੈ ਕੇ ਜਾਵਾਂਗਾ, ਕੀ ਪਤਾ ਇਹਦਾ ਮਾਲਕ ਜੀਉਂਦਾ ਹੋਵੇ, ਇਸ ਰਕਮ ਨਾਲ ਉਸ ਨੇ ਕੋਈ ਕਾਰਜ ਪੂਰਾ ਕਰਨਾ ਹੋਵੇ।

*(ਬਾਪੂ ਜੀ ਆਉਂਦੇ ਹਨ।)*

ਕੁਲਦੀਪ : ਬਾਪੂ ਜੀ... ਇਹ ਅਟੈਚੀ...

ਬਾਬਾ ਜੀ : ਕੁਲਦੀਪ ਤੂੰ ਭਾਵੇਂ ਦੱਸ ਜਾਂ ਨਾ ਦੱਸ ਪਰ ਮੈਨੂੰ ਪਤਾ ਏ ਕਿ ਇਹ ਅਟੈਚੀ ਕਿਥੋਂ ਆਇਆ ਏ ਤੇ ਇਸ ਵਿਚ ਕੀ ਏ ? ਮੇਰਾ ਦਿਲ ਕਹਿੰਦਾ ਏ ਕਿ ਇਹ ਜ਼ਰੂਰ ਉਹੀ ਟੈਚੀਕੇਸ ਏ, ਜਿਸ ਨੂੰ ਇਕ ਮਾਂ ਢੂੰਡ ਰਹੀ ਏ, ਜਿਸ ਦੇ ਵਿਚ ਉਹਦੀ ਧੀ ਦਾ ਸੁਹਾਗ ਬੰਦ ਏ। (ਕੁਲਦੀਪ ਸ਼ਰਮਿੰਦਗੀ ਦਾ ਪ੍ਰਭਾਵ ਦੇਂਦਾ ਹੈ) ਘਬਰਾ ਨਾ, ਮੈਂ ਤੈਨੂੰ ਕੁਝ ਨਹੀਂ ਕਹਿੰਦਾ, ਕਿਉਂਕਿ ਮੈਨੂੰ ਪਤਾ ਏ ਕਿ ਜ਼ਿੰਦਗੀ ਵਿਚ ਕੋਈ ਸਮਾਂ ਐਸਾ ਵੀ ਆ ਜਾਂਦਾ ਹੈ ਜਦੋਂ ਬੰਦਾ ਕਮਜ਼ੋਰ ਪੈ ਜਾਂਦਾ ਹੈ, ਹਾਲਾਤ ਅੱਗੇ ਹਾਰ ਖਾ ਜਾਂਦਾ ਹੈ। ਇਹ ਅਟੈਚੀ ਉਥੇ ਹੀ ਵਾਪਸ ਕਰਕੇ ਆ, ਜਿਥੋਂ ਲਿਆਇਆ ਏਂ, ਤਾਂ ਜੋ ਪਿੰਡ ਦੀ ਇੱਜ਼ਤ ਨੂੰ ਦਾਗ ਨਾ ਲੱਗੇ। ਮੈਨੂੰ ਪਤਾ ਏ ਕਿ ਕੱਲ ਜਦੋਂ ਅਖ਼ਬਾਰਾਂ ਵਿਚ ਇਸ ਭਿਆਨਕ ਰੇਲ ਹਾਦਸੇ ਦਾ ਜ਼ਿਕਰ ਆਏ ਤਾਂ ਇਹ ਵੀ ਲਿਖਿਆ ਜਾਏਗਾ ਕਿ ਪੰਜਾਬ ਦੇ ਲੋਕਾਂ ਨੇ ਇਕ ਮਿਸਾਲ ਕਾਇਮ ਕੀਤੀ, ਜ਼ਖ਼ਮੀਆਂ ਦੀ ਸੇਵਾ ਕੀਤੀ, ਹਾਦਸੇ ਵਿਚ ਮਰਨ ਵਾਲਿਆਂ ਦੀ ਕੋਈ ਜੇਬ ਨਹੀਂ ਫਰੋਲੀ, ਇਕ ਵੀ ਚੀਜ਼ ਦੀ ਲੁੱਟ ਨਹੀਂ ਹੋਈ। ਮੇਰੇ ਬੇਟੇ, ਪਿਛਲੇ 60 ਸਾਲਾਂ ਤੋਂ ਮੈਂ ਇਸ ਧਰਤੀ 'ਤੇ ਬਹੁਤ ਕੁਝ ਗਲਤ ਵਾਪਰਦਾ ਵੇਖਿਆ ਏ। 47 ਵਿਚ ਜੇਕਰ ਓਧਰ ਮੁਸਲਮਾਨਾਂ ਨੇ ਧੀਆਂ ਭੈਣਾਂ ਦੀ ਇੱਜਤ ਲੁੱਟੀ ਤਾਂ ਇਸ ਪਾਸੇ ਸਿੱਖਾਂ ਨੇ ਘੱਟ ਨਹੀਂ ਕੀਤੀ। 14 ਸਾਲ ਪੰਜਾਬ ਨੇ ਇਕ ਸੰਕਟ ਭੋਗਿਆ। ਜੇ ਪੁਲਿਸ ਨੇ ਬੇਦੋਸ਼ੇ ਮਾਰੇ ਤਾਂ ਸਿੱਖ ਲਹਿਰ ਵਾਲਿਆਂ ਨੇ ਵੀ ਗੁਰੂ ਦਾ ਨਾਂ ਕੋਈ ਉੱਚਾ ਨਹੀਂ ਕੀਤਾ। ਜਿਸ ਘਰ ਵਿਚ ਪਨਾਹ ਲਈ ਉਸੇ ਦੀ ਇੱਜ਼ਤ ਲੁੱਟੀ, ਪਰ ਇਸ ਰੇਲ ਹਾਦਸੇ ਨੇ ਦੁਨੀਆਂ ਨੂੰ ਦੱਸ ਦਿੱਤਾ ਹੈ ਕਿ ਦੁੱਖੀਆਂ ਦੀ ਸੇਵਾ ਕਰਨ ਵਾਲੇ ਭਾਈ ਘਨ੍ਹਈਆ ਦੇ ਵਾਰਿਸ ਹਾਲੀ ਇਸ ਧਰਤੀ 'ਤੇ ਜੀਉਂਦੇ ਨੇ।

*(ਇਕ ਖਾਸ ਮੁਦਰਾ ਵਿਚ ਫਰੀਜ਼ ਹੁੰਦੇ ਹਨ, ਨਾਟਕ ਸਮਾਪਤ ਹੁੰਦਾ ਹੈ।)*